## ਜਾਣਕਾਰੀ

1. ਸਕੂਲ ਦਾ ਕਲੰਡਰ - ਹਰ ਸਕੂਲ ਸੂਬਾਈ ਛੁੱਟੀਆਂ ਅਤੇ ਉਨ੍ਹਾਂ ਦਿਨਾਂ ਦਾ ਇਕ ਕਲੰਡਰ ਤਿਆਰ ਕਰਦਾ ਹੈ ਅਤੇ ਘਰ ਨੂੰ ਭੇਜਦਾ ਹੈ ਜਦੋਂ ਸਕੂਲ ਨੇ ਬੰਦ ਰਹਿਣਾ ਹੈ। ਇਸ ਨਾਲ ਜੇ ਲੋੜ ਹੋਵੇ ਤਾਂ ਮਾਪਿਆਂ ਦੀ ਬੱਚੇ ਦੀ ਸੰਭਾਲ ਦੀ ਵਿਉਂਤ ਬਣਾਉਣ ਵਿਚ ਮਦਦ ਹੁੰਦੀ ਹੈ। ਜੇ ਤੁਹਾਡੇ ਬੱਚੇ ਵੱਖ ਵੱਖ ਸਕੂਲਾਂ ਵਿਚ ਜਾਂਦੇ ਹਨ ਤਾਂ ਹਰ ਸਕੂਲ ਦਾ ਕਲੰਡਰ ਚੈੱਕ ਕਰਨਾ ਯਾਦ ਰੱਖੋ। ਕਲੰਡਰ ਘਰ ਨੂੰ ਸਕੂਲ ਸਾਲ ਦੇ ਅੰਤ `ਤੇ ਭੇਜਿਆ ਜਾਂਦਾ ਹੈ। ਇਸ ਦੀਆਂ ਕਾਪੀਆਂ ਸਕੂਲ ਦੇ ਦਫਤਰ ਅਤੇ/ਜਾਂ ਸਕੂਲ ਦੇ ਵੈੱਬਸਾਈਟ ਤੋਂ ਵੀ ਮਿਲਦੀਆਂ ਹਨ।
2. ਨਿਊਜ਼ਲੈਟਰ - ਸਕੂਲ ਨੇਮ ਨਾਲ ਘਰ ਨੂੰ ਨਿਊਜ਼ਲੈਟਰ ਭੇਜਦੇ ਹਨ। ਘਰ ਨੂੰ ਪੇਪਰ ਕਾਪੀਆਂ ਭੇਜਣ ਦੀ ਬਜਾਏ, ਸਕੂਲ ਇਨ੍ਹਾਂ ਨੂੰ ਆਪਣੇ ਵੈੱਬਸਾਈਟ `ਤੇ ਲਗਾ ਸਕਦੇ ਹਨ ਜਾਂ ਨਿਊਜ਼ਲੈਟਰ ਤੁਹਾਡੇ ਵਲੋਂ ਦਿੱਤੇ ਗਏ ਈਮੇਲ ਐਡਰੈਸ `ਤੇ ਭੇਜ ਸਕਦੇ ਹਨ।

## ਮਰਜ਼ੀ

ਐਕਸੀਡੈਂਟ ਇਨਸ਼ੋਰੈਂਸ - ਵਿਦਿਆਰਥੀਆਂ ਨੂੰ ਵਾਧੂ ਐਕਸੀਡੈਂਟ ਇਨਸ਼ੋਰੈਂਸ ਖਰੀਦਣ ਬਾਰੇ ਜਾਣਕਾਰੀ ਮਿਲਦੀ ਹੈ। ਜੇ ਮਾਪੇ ਇਹ ਚਾਹੁੰਦੇ ਹੋਣ ਤਾਂ ਉਹ ਫਾਰਮ ਭਰਦੇ ਹਨ ਅਤੇ ਸਿੱਧਾ ਇਨਸ਼ੋਰੈਂਸ ਕੰਪਨੀ ਨੂੰ ਭੇਜਦੇ ਹਨ।



VSB

**"Forms you may see in September- Secondary"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada British Columbia WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਜੈਕਟ ਸੰਭਵ ਹੋਇਆ ਹੈ।

# ਫਾਰਮ ਜਿਹੜੇ ਤੁਸੀਂ ਸਤੰਬਰ ਵਿਚ ਦੇਖ ਸਕਦੇ ਹੋ



# ਸੈਕੰਡਰੀ

ਸਾਰੇ ਸਕੂਲ, ਫਾਰਮ ਅਤੇ ਜਾਣਕਾਰੀ ਸਕੂਲ ਸਾਲ ਦੌਰਾਨ ਮਾਪਿਆਂ ਲਈ ਘਰ ਨੂੰ ਭੇਜਦੇ ਰਹਿੰਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਫਾਰਮ, ਸਕੂਲ ਸਾਲ ਦੇ ਸ਼ੁਰੂ ਹੋਣ `ਤੇ ਸਤੰਬਰ ਵਿਚ ਘਰ ਨੂੰ ਭੇਜੇ ਜਾਂਦੇ ਹਨ। ਕੁਝ ਫਾਰਮਾਂ `ਤੇ ਦਸਤਖਤ ਕਰਨ ਅਤੇ ਸਕੂਲ ਨੂੰ ਵਾਪਸ ਕਰਨ ਦੀ ਲੋੜ ਹੁੰਦੀ ਹੈ (ਜੇ ਤੁਸੀਂ ਸਰਵਿਸ ਲੈਣਾ ਚਾਹੁੰਦੇ ਹੋਵੋ)। ਹੋਰ ਫਾਰਮਾਂ ਲਈ ਮਾਪਿਆਂ ਦੇ ਦਸਤਖਤ ਅਤੇ ਪੈਸਿਆਂ ਦੀ ਲੋੜ ਹੁੰਦੀ ਹੈ। ਤੁਹਾਡੇ ਪੜ੍ਹਨ ਲਈ ਵੀ ਜਾਣਕਾਰੀ ਘਰ ਭੇਜੇ ਜਾਵੇਗੀ।

ਘਰ ਨੂੰ ਭੇਜੀ ਜਾਣਕਾਰੀ ਸਮਝਣ ਵਿਚ ਜੇ ਤੁਹਾਨੂੰ ਮੁਸ਼ਕਲ ਆਉਂਦੀ ਹੈ ਤਾਂ ਕਿਸੇ ਮਲਟੀਕਲਚਰਲ ਵਰਕਰ, ਸੈਟਲਮੈਂਟ ਵਰਕਰ ਜਾਂ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰੋ ਜੋ ਤੁਹਾਡੇ ਘਰ ਦੀ ਜ਼ਬਾਨ ਬੋਲਦਾ ਹੋ ਅਤੇ ਅੰਗਰੇਜ਼ੀ ਪੜ੍ਹਦਾ ਹੈ।

ਸਕੂਲ ਸਾਲ ਦੇ ਸ਼ੁਰੂ ਵਿਚ ਦਿੱਤੇ ਜਾਣ ਵਾਲੇ ਆਮ ਫਾਰਮਾਂ ਦੀਆਂ ਕੁਝ ਉਦਾਹਰਣਾਂ ਇਹ ਹਨ:



## ਉਹ ਫਾਰਮ ਜਿਨ੍ਹਾਂ `ਤੇ ਦਸਤਖਤ ਕਰਕੇ ਸਕੂਲ ਨੂੰ ਵਾਪਸ ਕੀਤੇ ਜਾਣੇ ਹਨ

1. ਵਿਦਿਆਰਥੀ ਦੀ ਜਾਣਕਾਰੀ ਦੀ ਤਸਦੀਕ ਕਰਨ ਵਾਲਾ ਫਾਰਮ - ਇਸ ਫਾਰਮ ਵਿਚ ਵਿਦਿਆਰਥੀ ਬਾਰੇ ਮੁਢਲੀ ਜਾਣਕਾਰੀ ਹੁੰਦੀ ਹੈ। ਮਾਪੇ ਲਈ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਜਾਣਕਾਰੀ ਸਹੀ ਹੈ। ਜੇ ਇਹ ਸਹੀ ਨਹੀਂ ਹੈ ਤਾਂ ਮਾਪੇ ਵਲੋਂ ਇਸ ਨੂੰ ਠੀਕ ਕੀਤੇ ਜਾਣ ਦੀ ਲੋੜ ਹੈ।
2. ਮੀਡੀਆ ਕੌਨਸੈਂਟ ਫਾਰਮ - ਇਹ ਫਾਰਮ, ਸਕੂਲ ਜਿਲ੍ਹੇ ਦੇ ਮੰਤਵਾਂ ਲਈ ਸਕੂਲ ਵਲੋਂ ਫੋਟੋ, ਵੀਡਿਓ ਅਤੇ/ਜਾਂ ਨਾਂ ਲੈਣ, ਰੱਖਣ ਅਤੇ ਵਰਤਣ ਲਈ ਮਾਪਿਆਂ ਦੀ ਆਗਿਆ ਮੰਗਦਾ ਹੈ। ਉਹ ਸਕੂਲ ਨਾਲ ਸੰਬੰਧਿਤ ਪ੍ਰੋਗਰਾਮਾਂ ਲਈ ਮੀਡੀਏ (ਜਿਵੇਂ ਕਿ ਰੇਡਿਓ) ਨਾਲ ਵੀ ਸਾਂਝੇ ਕੀਤੇ ਜਾ ਸਕਦੇ ਹਨ।
3. ਐਮਰਜੰਸੀ ਵਿਚ ਸੰਪਰਕ ਲਈ ਫਾਰਮ - ਇਹ ਫਾਰਮ ਵਿਦਿਆਰਥੀ ਦੀ ਮੁਢਲੀ ਅਤੇ ਪਰਿਵਾਰ ਦੀ ਜਾਣਕਾਰੀ ਮੰਗਦਾ ਹੈ, ਅਤੇ ਉਸ ਸੂਰਤ ਵਿਚ ਕਿਸੇ ਹੋਰ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਮੰਗਦਾ ਹੈ ਜੇ ਮਾਪੇ (ਮਾਪਿਆਂ) ਨਾਲ ਟੈਲੀਫੋਨ `ਤੇ ਸੰਪਰਕ ਨਾ ਹੋ ਸਕਦਾ ਹੋਵੇ।
4. ਕੰਪਿਊਟਰ ਦੀ ਵਰਤੋਂ ਬਾਰੇ ਐਗਰੀਮੈਂਟ - ਬਹੁਤ ਸਾਰੇ ਸਕੂਲ ਵਿਦਿਆਰਥੀਆਂ ਦੀ ਪੜ੍ਹਾਈ ਲਈ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਦੇ ਕੰਪਿਊਟਰ ਦੀ ਵਰਤੋਂ ਬਾਰੇ ਨਿਯਮ ਹਨ। ਮਾਪੇ ਅਤੇ ਵਿਦਿਆਰਥੀ ਇਹ ਦੱਸਣ ਲਈ ਇਸ ਫਾਰਮ `ਤੇ ਦਸਤਖਤ ਕਰਦੇ ਹਨ ਕਿ ਉਹ ਇਨ੍ਹਾਂ ਨਿਯਮਾਂ ਨੂੰ ਸਮਝਦੇ ਹਨ।
5. ਸਕੂਲ ਵਿਚ ਦਵਾਈ ਦੇਣਾ - ਕੁਝ ਵਿਦਿਆਰਥੀਆਂ ਨੂੰ ਸਕੂਲ ਦੇ ਦਿਨ ਦੌਰਾਨ ਡਾਕਟਰ ਦੀ ਪਰਚੀ ਨਾਲ ਮਿਲੀ ਦਵਾਈ ਲੈਣ ਦੀ ਲੋੜ ਹੁੰਦੀ ਹੈ। ਇਸ ਫਾਰਮ `ਤੇ ਦਸਤਖਤ ਕਰਨ ਨਾਲ ਸਕੂਲ ਦੇ ਸਟਾਫ ਨੂੰ ਮਾਪਿਆਂ ਤੋਂ ਇਹ ਆਗਿਆ ਮਿਲਦੀ ਹੈ ਕਿ ਉਹ ਤੁਹਾਡੇ ਵਲੋਂ ਲਿਆਂਦੀ ਦਵਾਈ ਤੁਹਾਡੇ ਬੱਚੇ ਨੂੰ ਦੇ ਸਕਦੇ ਹਨ।
6. ਫੀਲਡ ਟਰਿੱਪ/ਸਟੱਡੀ ਫਾਰਮ - ਸਕੂਲ ਤੋਂ ਬਾਹਰ ਦੀਆਂ ਥਾਂਵਾਂ ਲਈ ਫੀਲਡ ਟਰਿੱਪ/ਸਟੱਡੀਜ਼, ਵਿਦਿਆਰਥੀ ਦੀ ਪੜ੍ਹਾਈ ਦਾ ਇਕ ਜ਼ਰੂਰੀ ਹਿੱਸਾ ਹਨ। ਤੁਹਾਡੇ ਦਸਤਖਤ ਕਰਨ ਦਾ ਮਤਲਬ ਹੈ ਕਿ ਤੁਹਾਡਾ ਬੱਚਾ ਇਸ ਸਰਗਰਮੀ ਵਿਚ ਹਿੱਸਾ ਲੈ ਸਕਦਾ ਹੈ। ਕਦੇ ਕਦੇ ਇਸ ਵਿਚ ਪੈਸੇ ਭੇਜਣਾ ਵੀ ਸ਼ਾਮਲ ਹੁੰਦਾ ਹੈ।
7. "ਗੋਕਾਰਡ``/ਸਟੂਡੈਂਟ ਬੱਸ ਫੇਅਰ - ਇਹ ਫਾਰਮ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦੀ ਬੱਸਾਂ ਉੱਪਰ ਘੱਟ ਕਿਰਾਏ `ਤੇ ਸਫਰ ਕਰਨ ਵਿਚ ਮਦਦ ਕਰਦਾ ਹੈ।

## ਉਹ ਫਾਰਮ ਜਿਨ੍ਹਾਂ `ਤੇ ਦਸਤਖਤ ਕਰਕੇ ਪੈਸਿਆਂ ਨਾਲ ਵਾਪਸ ਕੀਤੇ ਜਾਣੇ ਹਨ

1. ਸਕੂਲ ਫੋਟੋਆਂ - ਇਹ ਹਰ ਸਾਲ ਲਈਆਂ ਜਾਂਦੀਆਂ ਹਨ ਅਤੇ ਮਾਪੇ ਕੁਝ ਫੋਟੋਆਂ ਆਪਣੇ ਲਈ ਖਰੀਦਣ ਦੀ ਚੋਣ ਕਰ ਸਕਦੇ ਹਨ।
2. ਸਪਲਾਈ/ਸਰਗਰਮੀ ਲਈ ਫੀਸਾਂ - ਸਕੂਲ, ਸਰਗਰਮੀਆਂ, ਸਪਲਾਈ, ਲੌਕਰਾਂ ਲਈ ਜਿੰਦਿਆਂ, ਯੀਅਰਬੁੱਕ ਆਦਿ ਲਈ ਪੈਸੇ ਮੰਗਦੇ ਹਨ। ਮੰਗੀ ਗਈ ਰਕਮ ਇਕ ਸਕੂਲ ਤੋਂ ਦੂਜੇ ਸਕੂਲ ਦੀ ਵੱਖਰੀ ਹੁੰਦੀ ਹੈ।
3. ਸਟੂਡੈਂਟ ਏਜੰਡਾਜ਼/ਪਲੈਨਰਜ਼ - ਬਹੁਤ ਸਾਰੇ ਸਕੂਲ ਵਿਦਿਆਰਥੀਆਂ ਤੋਂ ਸਕੂਲ ਏਜੰਡਾ ਜਾਂ ਪਲੈਨਰ ਖਰੀਦਣ ਅਤੇ ਵਰਤਣ ਦੀ ਉਮੀਦ ਰੱਖਦੇ ਹਨ। ਜ਼ਿਆਦਾ ਜਾਣਕਾਰੀ ਲਈ ਸਕੂਲ ਏਜੰਡਾਜ਼/ਪਲੈਨਰਜ਼ ਨਾਂ ਦਾ ਬਰੋਸ਼ਰ ਦੇਖੋ।
4. ਸਕੂਲ ਲੰਚ ਪ੍ਰੋਗਰਾਮ - ਸਕੂਲ ਨੂੰ ਭੇਜੇ ਦਸਤਖਤਾਂ ਵਾਲੇ ਫਾਰਮ ਅਤੇ ਪੈਸੇ ਸਕੂਲ ਨੂੰ ਇਹ ਦੱਸਦੇ ਹਨ ਕਿ ਕਿਹੜੇ ਵਿਦਿਆਰਥੀ ਹਰ ਮਹੀਨੇ ਇਸ ਪ੍ਰੋਗਰਾਮ ਵਿਚ ਹਿੱਸਾ ਲੈ ਰਹੇ ਹਨ। (ਤੁਹਾਨੂੰ ਸਾਰੇ ਸਾਲ ਲਈ ਇਕਰਾਰਨਾਮਾ ਕਰਨ ਦੀ ਲੋੜ ਨਹੀਂ ਹੈ।)